# Takht Sachkhand Sri Hazur Sahib Panthic Autonomy Initiative:

---

**Public Release / Volunteer Participation Message:** As we prepare to launch **hazursahibproject.org**, these documents are being shared publicly so that Gurdwaras, Sikh organizations, sewadars, Sangat members, volunteers, and other concerned individuals may review the enclosed materials regarding the Takht Sachkhand Sri Hazur Sahib Panthic Autonomy Initiative. If they agree with the principle, they are respectfully requested to support the initiative voluntarily and optionally. Support may be shown by signing the letter or endorsement form, sending a respectful communication to the Government, recording a short video clip in one's own language or wording, sharing these materials with others, or inviting others to take similar voluntary action. Forms may be completed, signed, scanned, or returned electronically as appropriate. All participation is optional, peaceful, lawful, and based on each person's or organization's own independent judgment. Please send completed forms, copies of letters, or related support materials to **hazursahibproject@proton.me**.

## 1. Statement and Appeal for Support

**Statement of Principle:** Takht Sachkhand Sri Hazur Abchalnagar Sahib, Nanded, is one of the Panj Takht Sahibaan of the Sikh (Khalsa) Panth and holds a sacred place in Sikh history, memory, Maryada, and collective responsibility. Its authority is not merely administrative; it is deeply spiritual, institutional, and Panthic. The religious authority, Maryada, internal affairs, institutional dignity, properties, traditions, management, and governance of Takht Sri Hazur Sahib belong to the Sikh (Khalsa) Panth and must remain under Sikh (Khalsa) Panthic responsibility.

For clarity, this initiative concerns Takht Sachkhand Sri Hazur Abchalnagar Sahib, Nanded, and the statutory framework known as the Nanded Sikh Gurudwara Sachkhand Shri Hazur Apchalnagar Sahib Act, 1956 (Hyd. Act No. XXXVII of 1956).

Any future reform, review, or improvement, if ever considered necessary, should arise only through Sikh (Khalsa)-led Panthic consultation initiated by Takht Sri Hazur Sahib and recognized Panthic processes, and not through governmental direction, control, appointment, restructuring, or imposed action.

**Appeal for Support:** We appeal to Gurdwaras, Sikh institutions, Takht-related bodies, Sikh organizations, Sikh councils, scholars, parcharaks, sewadars, community representatives, youth groups, and concerned members of the Sangat worldwide to stand together in a lawful, peaceful, and dignified manner for the Sikh (Khalsa) Panthic autonomy of Takht Sri Hazur Sahib.

Those who agree with this statement of principle are requested to support it by signing the response or endorsement form, indicating whether their individual's support may be publicly listed, and choosing whether to send an individual letter to the Government of Maharashtra or permit the team contact to include their signed support in a collective submission.

**Voluntary Seva and Website Disclaimer:** This initiative is a voluntary, non-commercial, lawful, and peaceful community seva effort. It does not generally represent any Gurdwara, institution, organization, or individual. If anyone sends their signed support, letter, or form, that permission will be limited only to publishing or submitting my support, letter, or form for this initiative. Any names, forms, letters, signatures, or contact details submitted will be used only for recordkeeping, communication, endorsement listing where permission is given, and lawful submission or follow-up connected with this initiative. Nothing on the website or in this material should be treated as legal advice; organizations and individuals should review the material independently and seek appropriate advice where necessary before signing, submitting, or authorizing publication of their support.

**Optional Video Clip / Personal Message:** Supporters may also record a short video clip, in their own language and wording, respectfully explaining why they support Sikh (Khalsa) Panthic autonomy for Takht Sri Hazur Sahib.

Any sample wording provided by the initiative is only a guide and may be adapted or replaced entirely. By sending a video clip, the sender may choose whether to authorize the initiative to use, upload, post, or share that clip on **hazursahibproject.org**, related initiative communications, or lawful public awareness materials. Video participation is entirely voluntary and optional.

**Return support responses to:** Dedicated Initiative Email: **hazursahibproject@proton.me**

Website: **hazursahibproject.org**

## 2. Frequently Asked Question (FAQ)

**Q:** Reports indicate that the Maharashtra Government has placed the proposal on hold and is seeking consultation. Why continue this effort?

**A:** We welcome any decision to pause further action and listen to concerns. However, the purpose of this initiative is not limited to any particular proposal. The broader principle remains important: the authority, Maryada, governance, properties, and internal affairs of Takht Sri Hazur Sahib are Sikh (Khalsa) Panthic matters. Our position is that any reform, if ever considered necessary, should originate through Takht Sri Hazur Sahib and recognized Sikh (Khalsa) Panthic processes rather than through governmental initiative. Accordingly, this effort seeks to affirm that principle and record support for it, irrespective of the status of any current proposal.

## 3. Print-Ready Draft Letter

**Use Note:** This draft letter may be copied into an email, printed on organizational letterhead, signed, scanned, submitted, or adapted by any organization or individual according to its own approval process and independent judgment.

**Use & Legal Disclaimer:** This letter is a voluntary, peaceful, non-commercial community communication. It is not legal advice and does not create legal obligations, liabilities, or commitments for any signer. Each organization or individual remains responsible for independently reviewing, approving, adapting, signing, submitting, or publishing the letter through its own appropriate process and authorized representative, where applicable.

**Optional copy or permission to the initiative:** If you send your own letter to the Government of Maharashtra, it may also send a copy to the dedicated initiative email for records and follow-up. If you wish to authorize the initiative to make reasonable efforts, at its discretion, to include or forward your signed support letter, signed statement, or completed and signed form with a collective submission or related communication to the Government of Maharashtra, please check the relevant box in the form below and send the signed document to the dedicated initiative email. Inclusion, forwarding, delivery, timing, acknowledgment, or acceptance by any government office cannot be guaranteed and may depend on practical, administrative, technical, or other circumstances.

Dedicated Initiative Email: **hazursahibproject@proton.me**

Website: **hazursahibproject.org**

| **Email To** | **cm@maharashtra.gov.in** |
| --- | --- |
| **Cc** | desk1.mdd-mh@gov.in; psec.rla@maharashtra.gov.in |
| **Subject** | Letter Regarding the Panthic Autonomy and Governance of Takht Sachkhand Sri Hazur Abchalnagar Sahib, Nanded |
| **Date** | ______________________ |

**Respected Sir/Madam,**

The undersigned respectfully submits this letter regarding **Takht Sachkhand Sri Hazur Abchalnagar Sahib, Nanded**, one of the *Panj Takht Sahibaan* and among the highest religious and temporal institutions of the Sikh (Khalsa) Panth. For clarity, this letter refers to the **Nanded Sikh Gurudwara Sachkhand Shri Hazur Apchalnagar Sahib Act, 1956 (Hyd. Act No. XXXVII of 1956)**.

This letter is made in a peaceful, lawful, respectful, and constructive spirit. The matter is not limited to any particular administrative arrangement, appointment, electoral framework, legislative proposal, or consultation process. Rather, it concerns the fundamental principle that the religious authority, Maryada, internal affairs, governance, properties, endowments, institutional dignity, and Panthic character of a Takht Sahib are inherently Panthic matters and must remain under the exclusive authority and responsibility of the Sikh (Khalsa) Panth.

Takht Sachkhand Sri Hazur Abchalnagar Sahib is not an ordinary public, charitable, or administrative institution. Its spiritual authority, governance, properties, and institutional character are inseparable from its Panthic identity. Authority over these matters belongs to the Sikh (Khalsa) Panth acting through recognized Panthic institutions and processes, including the collective authority and guidance of the *Panj Takht Sahibaan* and other recognized Sikh religious and Panthic institutions.

While the 1956 Act presently provides a statutory framework for certain administrative matters, it cannot diminish, transfer, supersede, or otherwise affect the inherent Panthic authority and status of the Takht Sahib. Accordingly, any amendment, repeal, replacement, restructuring, appointment, regulatory change, electoral modification, property-related measure, administrative arrangement, or other intervention affecting

the Act or the governance framework of Takht Sachkhand Sri Hazur Abchalnagar Sahib must originate from within the Takht Sahib itself and proceed only through the collective authority, deliberation, and guidance of the *Panj Takht Sahibaan* and other recognized Sikh (Khalsa) Panthic institutions acting through Panthic consultation and consensus. Such matters should not be initiated, proposed, directed, facilitated, supervised, or otherwise driven by any governmental authority, unilateral action, externally driven process, or State-framed mechanism.

The undersigned therefore respectfully urges the Government of Maharashtra to refrain from initiating or implementing any measure affecting the Act or any related legal, administrative, electoral, property, management, religious, institutional, or governance framework concerning Takht Sachkhand Sri Hazur Abchalnagar Sahib, Nanded. Any role of Government should be limited to respecting constitutional protections and religious autonomy and, where lawfully required, respecting, protecting, and facilitating the lawful implementation of decisions reached through recognized Sikh (Khalsa) Panthic institutions and processes, without directing or controlling those decisions.

The undersigned further requests that the Government recognize and respect the distinct, independent, and supreme Panthic status of Takht Sachkhand Sri Hazur Abchalnagar Sahib and ensure that all matters concerning its religious authority, internal affairs, governance, properties, endowments, and institutional character remain under the collective authority and responsibility of the Sikh (Khalsa) Panth, free from governmental interference or control.

This letter is submitted not in opposition to the Government, but in affirmation of constitutional propriety, religious freedom, mutual respect, and the longstanding Panthic principle that the authority, dignity, governance, properties, and institutional future of a Takht Sahib must remain within the exclusive jurisdiction, authority, and responsibility of the Sikh (Khalsa) Panth itself. The undersigned respectfully requests that the Government of Maharashtra honour and protect that Panthic autonomy and responsibility.

Respectfully submitted,

| | |
|---|---|
| **Full Name of Individual** | ______________________________ |
| **Address / City / State / Province / Country** | ______________________________ |
| **Preferred Public Name (optional)** | ______________________________ |
| **Occupation / Sikh Affiliation (optional)** | ______________________________ |
| **Email / Phone** | ______________________________ |
| **Signature / Date Signed** | Signature: ____________________ Date: ____________ |
| **Additional Note (optional)** | |

## 4. Response / Endorsement Form

| | |
|---|---|
| **Full Name of Individual** | ______________________________ |
| **Address / City / State / Province / Country** | ______________________________ |
| **Preferred Public Name (optional)** | ______________________________ |
| **Occupation / Sikh Affiliation (optional)** | ______________________________ |
| **Email / Phone** | ______________________________ |
| **Signature / Date Signed** | Signature: ______________________ Date: ____________ |
| **Additional Note (optional)** | |

Response: ☐ Support as written ☐ Support with suggested amendments ☐ Prefer further discussion ☐ Do not support at this time

Publication authorization: ☐ Yes, publish my name as a supporter. ☐ No, keep our endorsement private.

Optional video clip authorization: ☐ Yes, I/we authorize the initiative to use, upload, post, or share my/our video clip for this initiative, including on hazursahibproject.org and related lawful public awareness communications. ☐ No, I/we do not authorize public use of any video clip at this time.

Letter to Government of Maharashtra option:

- ☐ I will send my own letter to the Government of Maharashtra.
- ☐ I authorize the initiative, at its discretion, to make reasonable efforts to include my signed support letter, signed statement, or completed response form with a collective submission or related communication to the Government of Maharashtra. I understand that inclusion, forwarding, delivery, timing, acknowledgment, or acceptance by any government office cannot be guaranteed and may depend on practical, administrative, technical, or other circumstances.
- ☐ I do not wish to send or be included in any letter to the Government of Maharashtra at this time.

Please return this form to: Dedicated Initiative Email: **hazursahibproject@proton.me**

Website: **hazursahibproject.org**

# ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪੰਥਕ ਅਧਿਕਾਰਾਂ ਦੀ ਰੱਖਿਆ ਲਈ ਸਾਂਝਾ ਯਤਨ

**ਜਨਤਕ ਜਾਰੀਕਰਨ / ਸਵੈਇੱਛਕ ਭਾਗੀਦਾਰੀ ਸੁਨੇਹਾ**: ਜਿਵੇਂ ਅਸੀਂ **hazursahibproject.org** ਸ਼ੁਰੂ ਕਰਨ ਦੀ ਤਿਆਰੀ ਕਰ ਰਹੇ ਹਾਂ, ਇਹ ਦਸਤਾਵੇਜ਼ ਜਨਤਕ ਤੌਰ ’ਤੇ ਸਾਂਝੇ ਕੀਤੇ ਜਾ ਰਹੇ ਹਨ ਤਾਂ ਜੋ ਗੁਰਦੁਆਰੇ, ਸਿੱਖ ਸੰਸਥਾਵਾਂ, ਸੇਵਾਦਾਰ, ਸੰਗਤ ਮੈਂਬਰ, ਸਵੈਇੱਛਕ ਅਤੇ ਹੋਰ ਚਿੰਤਤ ਵਿਅਕਤੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਪੰਥਕ ਖ਼ੁਦਮੁਖ਼ਤਿਆਰੀ ਪਹਿਲਕਦਮੀ ਸੰਬੰਧੀ ਸੰਲਗਨ ਸਮੱਗਰੀ ਨੂੰ ਵੇਖ ਸਕਣ ਅਤੇ, ਜੇ ਉਹ ਇਸ ਸਿਧਾਂਤ ਨਾਲ ਸਹਿਮਤ ਹਨ, ਤਾਂ ਆਪਣੀ ਇੱਛਾ ਅਨੁਸਾਰ ਸਵੈਇੱਛਕ ਅਤੇ ਵਿਕਲਪਿਕ ਸਮਰਥਨ ਦੇ ਸਕਣ। ਸਮਰਥਨ ਪੱਤਰ ਜਾਂ ਫਾਰਮ ’ਤੇ ਦਸਤਖ਼ਤ ਕਰਕੇ, ਸਰਕਾਰ ਨੂੰ ਆਪਣਾ ਸਨਮਾਨਪੂਰਵਕ ਪੱਤਰ ਭੇਜ ਕੇ, ਆਪਣੀ ਭਾਸ਼ਾ ਜਾਂ ਆਪਣੇ ਸ਼ਬਦਾਂ ਵਿੱਚ ਛੋਟੀ ਵੀਡੀਓ ਕਲਿੱਪ ਬਣਾ ਕੇ, ਸਮੱਗਰੀ ਹੋਰਾਂ ਨਾਲ ਸਾਂਝੀ ਕਰਕੇ ਜਾਂ ਹੋਰਾਂ ਨੂੰ ਵੀ ਸਵੈਇੱਛਕ ਤੌਰ ’ਤੇ ਸ਼ਾਮਲ ਹੋਣ ਦੀ ਬੇਨਤੀ ਕਰਕੇ ਦਿੱਤਾ ਜਾ ਸਕਦਾ ਹੈ। ਫਾਰਮ ਲੋੜ ਅਨੁਸਾਰ ਭਰ ਕੇ, ਦਸਤਖ਼ਤ ਕਰਕੇ, ਸਕੈਨ ਕਰਕੇ ਜਾਂ ਇਲੈਕਟ੍ਰਾਨਿਕ ਤੌਰ ’ਤੇ ਵਾਪਸ ਭੇਜੇ ਜਾ ਸਕਦੇ ਹਨ। ਸਾਰੀ ਭਾਗੀਦਾਰੀ ਵਿਕਲਪਿਕ, ਸ਼ਾਂਤੀਪੂਰਨ, ਕਾਨੂੰਨੀ ਅਤੇ ਹਰ ਵਿਅਕਤੀ ਜਾਂ ਸੰਸਥਾ ਦੇ ਆਪਣੇ ਸੁਤੰਤਰ ਫੈਸਲੇ ’ਤੇ ਆਧਾਰਿਤ ਹੈ। ਕਿਰਪਾ ਕਰਕੇ ਭਰੇ ਹੋਏ ਫਾਰਮ, ਪੱਤਰਾਂ ਦੀਆਂ ਕਾਪੀਆਂ ਜਾਂ ਸੰਬੰਧਿਤ ਸਮਰਥਨ ਸਮੱਗਰੀ **hazursahibproject@proton.me** ’ਤੇ ਭੇਜੋ।

## 1. ਸਿਧਾਂਤਕ ਬਿਆਨ ਅਤੇ ਸਮਰਥਨ ਲਈ ਅਪੀਲ

ਸਿਧਾਂਤਕ ਬਿਆਨ: ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ, ਸਿੱਖ (ਖ਼ਾਲਸਾ) ਪੰਥ ਦੇ ਪੰਜ ਤਖ਼ਤ ਸਾਹਿਬਾਨ ਵਿੱਚੋਂ ਇੱਕ ਹੈ। ਸਿੱਖ ਇਤਿਹਾਸ, ਯਾਦ, ਮਰਯਾਦਾ ਅਤੇ ਸਾਂਝੀ ਜ਼ਿੰਮੇਵਾਰੀ ਵਿੱਚ ਇਸ ਦਾ ਬਹੁਤ ਪਵਿੱਤਰ ਅਤੇ ਮਹੱਤਵਪੂਰਨ ਸਥਾਨ ਹੈ। ਇਸ ਦੀ ਅਧਿਕਾਰਤਾ ਕੇਵਲ ਪ੍ਰਸ਼ਾਸਕੀ ਨਹੀਂ, ਸਗੋਂ ਆਤਮਕ, ਸੰਸਥਾਗਤ ਅਤੇ ਪੰਥਕ ਹੈ।

ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਧਾਰਮਿਕ ਅਧਿਕਾਰਤਾ, ਮਰਯਾਦਾ, ਅੰਦਰੂਨੀ ਮਾਮਲੇ, ਸੰਸਥਾਗਤ ਮਾਣ-ਮਰਯਾਦਾ, ਜਾਇਦਾਦਾਂ, ਪਰੰਪਰਾਵਾਂ, ਪ੍ਰਬੰਧ ਅਤੇ ਸ਼ਾਸਨ ਸਿੱਖ (ਖ਼ਾਲਸਾ) ਪੰਥ ਨਾਲ ਸੰਬੰਧਿਤ ਹਨ ਅਤੇ ਪੰਥਕ ਜ਼ਿੰਮੇਵਾਰੀ ਹੇਠ ਹੀ ਰਹਿਣੇ ਚਾਹੀਦੇ ਹਨ।

ਸਪੱਸ਼ਟਤਾ ਲਈ, ਇਹ ਯਤਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਅਤੇ ਇਸ ਨਾਲ ਸੰਬੰਧਿਤ ਕਾਨੂੰਨੀ ਢਾਂਚੇ — ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ, 1956 (Hyd. Act No. XXXVII of 1956) — ਨਾਲ ਸੰਬੰਧਿਤ ਹੈ।

ਜੇ ਭਵਿੱਖ ਵਿੱਚ ਕੋਈ ਸਮੀਖਿਆ, ਸੁਧਾਰ ਜਾਂ ਬਦਲਾਅ ਲਾਜ਼ਮੀ ਸਮਝਿਆ ਜਾਵੇ, ਤਾਂ ਉਹ ਕੇਵਲ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪ੍ਰਮਾਣਿਤ ਪੰਥਕ ਪ੍ਰਕਿਰਿਆਵਾਂ ਰਾਹੀਂ, ਸਿੱਖ (ਖ਼ਾਲਸਾ) ਪੰਥ ਦੀ ਅਗਵਾਈ ਵਿੱਚ ਸਲਾਹ-ਮਸ਼ਵਰੇ ਨਾਲ ਹੀ ਹੋਵੇ। ਇਹ ਸਰਕਾਰੀ ਹੁਕਮ, ਨਿਯੰਤਰਣ, ਨਿਯੁਕਤੀ, ਪੁਨਰਗਠਨ ਜਾਂ ਥੋਪੇ ਗਏ ਕਦਮ ਰਾਹੀਂ ਨਹੀਂ ਹੋਣਾ ਚਾਹੀਦਾ।

ਸਮਰਥਨ ਲਈ ਅਪੀਲ: ਅਸੀਂ ਗੁਰਦੁਆਰਿਆਂ, ਸਿੱਖ ਸੰਸਥਾਵਾਂ, ਤਖ਼ਤ-ਸੰਬੰਧੀ ਸੰਸਥਾਵਾਂ, ਸਿੱਖ ਜਥੇਬੰਦੀਆਂ, ਸਿੱਖ ਕੌਂਸਲਾਂ, ਵਿਦਵਾਨਾਂ, ਪ੍ਰਚਾਰਕਾਂ, ਸੇਵਾਦਾਰਾਂ, ਕੌਮੀ ਪ੍ਰਤਿਨਿਧੀਆਂ, ਨੌਜਵਾਨ ਗਰੁੱਪਾਂ ਅਤੇ ਦੁਨੀਆ ਭਰ ਦੀ ਚਿੰਤਤ ਸੰਗਤ ਨੂੰ ਅਪੀਲ ਕਰਦੇ ਹਾਂ ਕਿ ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸਿੱਖ (ਖ਼ਾਲਸਾ) ਪੰਥਕ ਖ਼ੁਦਮੁਖ਼ਤਿਆਰੀ ਲਈ ਕਾਨੂੰਨੀ, ਸ਼ਾਂਤੀਪੂਰਨ ਅਤੇ ਮਰਯਾਦਾਪੂਰਨ ਢੰਗ ਨਾਲ ਇਕੱਠੇ ਖੜ੍ਹੇ ਹੋਣ।

ਜੋ ਇਸ ਸਿਧਾਂਤ ਨਾਲ ਸਹਿਮਤ ਹਨ, ਉਹ ਜਵਾਬ ਜਾਂ ਸਮਰਥਨ ਫਾਰਮ ’ਤੇ ਦਸਤਖ਼ਤ ਕਰਕੇ ਦੱਸ ਸਕਦੇ ਹਨ ਕਿ ਉਨ੍ਹਾਂ ਦੀ ਸੰਸਥਾ ਦਾ ਸਮਰਥਨ ਜਨਤਕ ਕੀਤਾ ਜਾਵੇ ਜਾਂ ਨਹੀਂ, ਅਤੇ ਇਹ ਵੀ ਚੁਣ ਸਕਦੇ ਹਨ ਕਿ ਉਹ ਮਹਾਰਾਸ਼ਟਰ ਸਰਕਾਰ ਨੂੰ ਆਪਣਾ ਵੱਖਰਾ ਪੱਤਰ ਭੇਜਣਗੇ ਜਾਂ ਪਹਿਲਕਦਮੀ ਨੂੰ ਇਹ ਅਧਿਕਾਰ ਦੇਣਗੇ ਕਿ ਉਹ ਆਪਣੇ ਵਿਵੇਕ ਅਨੁਸਾਰ ਉਨ੍ਹਾਂ ਦੇ ਦਸਤਖ਼ਤ ਕੀਤੇ ਸਮਰਥਨ ਪੱਤਰ, ਬਿਆਨ ਜਾਂ ਭਰੇ ਹੋਏ ਜਵਾਬੀ ਫਾਰਮ ਨੂੰ

ਮਹਾਰਾਸ਼ਟਰ ਸਰਕਾਰ ਨੂੰ ਕੀਤੀ ਜਾਣ ਵਾਲੀ ਕਿਸੇ ਸਾਂਝੀ ਬੇਨਤੀ ਜਾਂ ਸੰਬੰਧਿਤ ਸੰਚਾਰ ਨਾਲ ਸ਼ਾਮਲ ਕਰਨ ਜਾਂ ਅੱਗੇ ਭੇਜਣ ਲਈ ਵਾਜਬ ਯਤਨ ਕਰ ਸਕੇ। ਕਿਸੇ ਵੀ ਸਰਕਾਰੀ ਦਫ਼ਤਰ ਵੱਲੋਂ ਸ਼ਾਮਲ ਕੀਤੇ ਜਾਣ, ਅੱਗੇ ਭੇਜੇ ਜਾਣ, ਪਹੁੰਚ, ਸਮਾਂ, ਪ੍ਰਾਪਤੀ ਦੀ ਪੁਸ਼ਟੀ ਜਾਂ ਸਵੀਕ੍ਰਿਤੀ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ ਅਤੇ ਇਹ ਵਿਹਾਰਕ, ਪ੍ਰਸ਼ਾਸਕੀ, ਤਕਨੀਕੀ ਜਾਂ ਹੋਰ ਹਾਲਾਤਾਂ ’ਤੇ ਨਿਰਭਰ ਹੋ ਸਕਦਾ ਹੈ।

**ਸਵੈਇੱਛਕ ਸੇਵਾ ਅਤੇ ਵੈੱਬਸਾਈਟ ਸਪਸ਼ਟੀਕਰਨ:** ਇਹ ਯਤਨ ਸਵੈਇੱਛਕ, ਗੈਰ-ਵਪਾਰਕ, ਕਾਨੂੰਨੀ ਅਤੇ ਸ਼ਾਂਤੀਪੂਰਨ ਕੌਮੀ ਸੇਵਾ ਹੈ। ਇਹ ਯਤਨ ਕਿਸੇ ਗੁਰਦੁਆਰੇ, ਸੰਸਥਾ, ਜਥੇਬੰਦੀ ਜਾਂ ਵਿਅਕਤੀ ਦੀ ਆਮ ਨੁਮਾਇੰਦਗੀ ਨਹੀਂ ਕਰਦਾ। ਜੇ ਕੋਈ ਆਪਣਾ ਦਸਤਖ਼ਤ ਕੀਤਾ ਸਮਰਥਨ, ਪੱਤਰ ਜਾਂ ਫਾਰਮ ਭੇਜਦਾ ਹੈ, ਤਾਂ ਉਹ ਆਗਿਆ ਕੇਵਲ ਇਸ ਯਤਨ ਨਾਲ ਸੰਬੰਧਿਤ ਰਿਕਾਰਡ, ਸੰਪਰਕ, ਜਿੱਥੇ ਆਗਿਆ ਹੋਵੇ ਉੱਥੇ ਵਿਅਕਤੀਗਤ ਸਮਰਥਕ ਵਜੋਂ ਪ੍ਰਕਾਸ਼ਨ, ਅਤੇ ਕਾਨੂੰਨੀ ਬੇਨਤੀ ਜਾਂ ਅਗਲੇ ਸੰਪਰਕ ਲਈ ਸੀਮਿਤ ਰਹੇਗੀ। ਜਿੱਥੇ ਪਹਿਲਕਦਮੀ ਨੂੰ ਪੱਤਰ ਜਾਂ ਫਾਰਮ ਸ਼ਾਮਲ ਕਰਨ ਜਾਂ ਅੱਗੇ ਭੇਜਣ ਦੀ ਆਗਿਆ ਦਿੱਤੀ ਜਾਂਦੀ ਹੈ, ਉੱਥੇ ਪਹਿਲਕਦਮੀ ਆਪਣੇ ਵਿਵੇਕ ਅਨੁਸਾਰ ਵਾਜਬ ਯਤਨ ਕਰ ਸਕਦੀ ਹੈ, ਪਰ ਕਿਸੇ ਵੀ ਸਰਕਾਰੀ ਦਫ਼ਤਰ ਵੱਲੋਂ ਸ਼ਾਮਲ ਕੀਤੇ ਜਾਣ, ਅੱਗੇ ਭੇਜੇ ਜਾਣ, ਪਹੁੰਚ, ਸਮਾਂ, ਪ੍ਰਾਪਤੀ ਦੀ ਪੁਸ਼ਟੀ ਜਾਂ ਸਵੀਕ੍ਰਿਤੀ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਭੇਜੇ ਗਏ ਨਾਮ, ਫਾਰਮ, ਪੱਤਰ, ਦਸਤਖ਼ਤ ਜਾਂ ਸੰਪਰਕ ਜਾਣਕਾਰੀ ਕੇਵਲ ਰਿਕਾਰਡ, ਸੰਪਰਕ, ਜਿੱਥੇ ਆਗਿਆ ਹੋਵੇ ਉੱਥੇ ਵਿਅਕਤੀਗਤ ਸਮਰਥਕ ਵਜੋਂ ਪ੍ਰਕਾਸ਼ਨ, ਅਤੇ ਇਸ ਯਤਨ ਨਾਲ ਸੰਬੰਧਿਤ ਕਾਨੂੰਨੀ ਬੇਨਤੀ ਜਾਂ ਅਗਲੇ ਸੰਪਰਕ ਲਈ ਹੀ ਵਰਤੀ ਜਾਵੇਗੀ। ਵੈੱਬਸਾਈਟ ਜਾਂ ਇਸ ਸਮੱਗਰੀ ਵਿੱਚ ਦਿੱਤੀ ਗਈ ਕੋਈ ਵੀ ਗੱਲ ਕਾਨੂੰਨੀ ਸਲਾਹ ਨਹੀਂ ਮੰਨੀ ਜਾਣੀ ਚਾਹੀਦੀ; ਸੰਸਥਾਵਾਂ ਅਤੇ ਵਿਅਕਤੀਆਂ ਨੂੰ ਦਸਤਖ਼ਤ ਕਰਨ, ਭੇਜਣ ਜਾਂ ਆਪਣਾ ਸਮਰਥਨ ਜਨਤਕ ਕਰਨ ਦੀ ਆਗਿਆ ਦੇਣ ਤੋਂ ਪਹਿਲਾਂ ਸਮੱਗਰੀ ਨੂੰ ਆਪਣੇ ਤੌਰ ’ਤੇ ਵੇਖਣਾ ਅਤੇ ਜਿੱਥੇ ਲੋੜ ਹੋਵੇ ਉਚਿਤ ਸਲਾਹ ਲੈਣੀ ਚਾਹੀਦੀ ਹੈ।

**ਵਿਕਲਪਿਕ ਵੀਡੀਓ ਕਲਿੱਪ / ਨਿੱਜੀ ਸੁਨੇਹਾ:** ਸਮਰਥਕ ਆਪਣੀ ਭਾਸ਼ਾ ਅਤੇ ਆਪਣੇ ਸ਼ਬਦਾਂ ਵਿੱਚ ਛੋਟੀ ਵੀਡੀਓ ਕਲਿੱਪ ਵੀ ਰਿਕਾਰਡ ਕਰ ਸਕਦੇ ਹਨ, ਜਿਸ ਵਿੱਚ ਉਹ ਆਦਰ ਸਹਿਤ ਦੱਸ ਸਕਦੇ ਹਨ ਕਿ ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਸਿੱਖ (ਖ਼ਾਲਸਾ) ਪੰਥਕ ਖ਼ੁਦਮੁਖ਼ਤਿਆਰੀ ਦਾ ਸਮਰਥਨ ਕਿਉਂ ਕਰਦੇ ਹਨ। ਪਹਿਲਕਦਮੀ ਵੱਲੋਂ ਦਿੱਤਾ ਕੋਈ ਵੀ ਨਮੂਨਾ ਸ਼ਬਦ ਕੇਵਲ ਰਹਿਨੁਮਾਈ ਲਈ ਹੈ ਅਤੇ ਉਸ ਨੂੰ ਆਪਣੀ ਲੋੜ ਅਨੁਸਾਰ ਬਦਲਿਆ ਜਾਂ ਪੂਰੀ ਤਰ੍ਹਾਂ ਆਪਣੇ ਸ਼ਬਦਾਂ ਨਾਲ ਬਦਲਿਆ ਜਾ ਸਕਦਾ ਹੈ। ਵੀਡੀਓ ਕਲਿੱਪ ਭੇਜਣ ਵਾਲਾ ਵਿਅਕਤੀ ਜਾਂ ਸੰਸਥਾ ਆਪਣੀ ਮਰਜ਼ੀ ਨਾਲ ਇਹ ਆਗਿਆ ਦੇ ਸਕਦੀ ਹੈ ਕਿ ਪਹਿਲਕਦਮੀ ਉਸ ਕਲਿੱਪ ਨੂੰ **hazursahibproject.org**, ਸੰਬੰਧਿਤ ਪਹਿਲਕਦਮੀ ਸੰਚਾਰ ਜਾਂ ਕਾਨੂੰਨੀ ਜਨ-ਜਾਗਰੂਕਤਾ ਸਮੱਗਰੀ ਵਿੱਚ ਵਰਤ, ਅੱਪਲੋਡ, ਪੋਸਟ ਜਾਂ ਸਾਂਝਾ ਕਰ ਸਕੇ। ਵੀਡੀਓ ਵਿੱਚ ਭਾਗ ਲੈਣਾ ਪੂਰੀ ਤਰ੍ਹਾਂ ਸਵੈਇੱਛਕ ਅਤੇ ਵਿਕਲਪਿਕ ਹੈ।

ਸਮਰਥਨ ਦੇ ਜਵਾਬ ਇੱਥੇ ਭੇਜੋ: ਸਮਰਪਿਤ ਪਹਿਲਕਦਮੀ ਈਮੇਲ: **hazursahibproject@proton.me**

ਵੈੱਬਸਾਈਟ: **hazursahibproject.org**

## 2. ਆਮ ਪੁੱਛਿਆ ਜਾਣ ਵਾਲਾ ਸਵਾਲ

ਸਵਾਲ: ਰਿਪੋਰਟਾਂ ਦੱਸਦੀਆਂ ਹਨ ਕਿ ਮਹਾਰਾਸ਼ਟਰ ਸਰਕਾਰ ਨੇ ਪ੍ਰਸਤਾਵ ਰੋਕ ਕੇ ਸਲਾਹ-ਮਸ਼ਵਰਾ ਕਰਨ ਦੀ ਗੱਲ ਕੀਤੀ ਹੈ। ਫਿਰ ਇਹ ਯਤਨ ਕਿਉਂ ਜਾਰੀ ਰੱਖਣਾ ਹੈ?

ਜਵਾਬ: ਅਸੀਂ ਕਿਸੇ ਵੀ ਅਜਿਹੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ ਜਿਸ ਨਾਲ ਕਾਰਵਾਈ ਰੁਕੇ ਅਤੇ ਚਿੰਤਾਵਾਂ ਸੁਣੀਆਂ ਜਾਣ। ਪਰ ਇਸ ਪਹਿਲਕਦਮੀ ਦਾ ਮਕਸਦ ਕੇਵਲ ਕਿਸੇ ਇੱਕ ਪ੍ਰਸਤਾਵ ਤੱਕ ਸੀਮਿਤ ਨਹੀਂ ਹੈ। ਵੱਡਾ ਸਿਧਾਂਤ ਅਜੇ ਵੀ ਮਹੱਤਵਪੂਰਨ ਹੈ: ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਅਧਿਕਾਰਤਾ, ਮਰਯਾਦਾ, ਪ੍ਰਬੰਧ, ਜਾਇਦਾਦਾਂ ਅਤੇ ਅੰਦਰੂਨੀ ਮਾਮਲੇ ਸਿੱਖ (ਖ਼ਾਲਸਾ) ਪੰਥ ਦੇ ਮਾਮਲੇ ਹਨ। ਸਾਡਾ ਮਤਲਬ ਇਹ ਹੈ ਕਿ ਜੇ ਕਦੇ ਕੋਈ ਸੁਧਾਰ ਲੋੜੀਂਦਾ ਸਮਝਿਆ ਜਾਵੇ, ਤਾਂ ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਪ੍ਰਮਾਣਿਤ ਸਿੱਖ (ਖ਼ਾਲਸਾ) ਪੰਥਕ ਪ੍ਰਕਿਰਿਆਵਾਂ ਰਾਹੀਂ ਹੀ ਸ਼ੁਰੂ ਹੋਵੇ, ਸਰਕਾਰੀ ਪਹਿਲਕਦਮੀ ਰਾਹੀਂ ਨਹੀਂ। ਇਸ ਲਈ ਇਹ ਯਤਨ ਇਸ ਸਿਧਾਂਤ ਨੂੰ ਪੱਕਾ ਕਰਨ ਅਤੇ ਸਮਰਥਨ ਦਰਜ ਕਰਨ ਲਈ ਹੈ, ਭਾਵੇਂ ਕਿਸੇ ਮੌਜੂਦਾ ਪ੍ਰਸਤਾਵ ਦੀ ਸਥਿਤੀ ਜੋ ਵੀ ਹੋਵੇ।

## 3. ਛਾਪਣ ਲਈ ਤਿਆਰ ਪੱਤਰ ਦਾ ਨਮੂਨਾ

**ਵਰਤੋਂ ਬਾਰੇ ਨੋਟ:** ਇਹ ਤਿਆਰ ਕੀਤਾ ਪੱਤਰ ਕਿਸੇ ਵੀ ਸੰਸਥਾ, ਗੁਰਦੁਆਰੇ ਜਾਂ ਵਿਅਕਤੀ ਵੱਲੋਂ ਆਪਣੀ ਮਨਜ਼ੂਰੀ ਪ੍ਰਕਿਰਿਆ, ਅਧਿਕਾਰਤ ਪ੍ਰਤਿਨਿਧੀ ਅਤੇ ਸੁਤੰਤਰ ਵਿਚਾਰ ਅਨੁਸਾਰ ਈਮੇਲ ਵਿੱਚ ਵਰਤਿਆ, ਲੈਟਰਹੈੱਡ ’ਤੇ ਛਾਪਿਆ, ਦਸਤਖ਼ਤ ਕਰਕੇ ਸਕੈਨ ਕੀਤਾ, ਭੇਜਿਆ ਜਾਂ ਲੋੜ ਅਨੁਸਾਰ ਸੋਧਿਆ ਜਾ ਸਕਦਾ ਹੈ।

**ਵਰਤੋਂ ਅਤੇ ਕਾਨੂੰਨੀ ਸਪਸ਼ਟੀਕਰਨ:** ਇਹ ਪੱਤਰ ਸਵੈਇੱਛਕ, ਸ਼ਾਂਤੀਪੂਰਨ, ਗੈਰ-ਵਪਾਰਕ ਅਤੇ ਕੌਮੀ/ਸਮੁਦਾਇਕ ਸੰਚਾਰ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ ਅਤੇ ਕਿਸੇ ਦਸਤਖ਼ਤ ਕਰਨ ਵਾਲੇ ਲਈ ਕੋਈ ਕਾਨੂੰਨੀ ਜ਼ਿੰਮੇਵਾਰੀ, ਬੱਝਣ, ਦਾਅਵਾ ਜਾਂ ਵਚਨਬੱਧਤਾ ਪੈਦਾ ਨਹੀਂ ਕਰਦਾ। ਹਰ ਸੰਸਥਾ ਜਾਂ ਵਿਅਕਤੀ ਆਪਣੇ ਤੌਰ ’ਤੇ ਸਮੱਗਰੀ ਦੀ ਸਮੀਖਿਆ, ਮਨਜ਼ੂਰੀ, ਸੋਧ, ਦਸਤਖ਼ਤ, ਭੇਜਣ ਜਾਂ ਪ੍ਰਕਾਸ਼ਨ ਬਾਰੇ ਫ਼ੈਸਲਾ ਕਰਨ ਲਈ ਜ਼ਿੰਮੇਵਾਰ ਰਹੇਗਾ।

**ਪਹਿਲਕਦਮੀ ਨੂੰ ਵਿਕਲਪਿਕ ਕਾਪੀ ਜਾਂ ਆਗਿਆ:** ਜੇ ਤੁਹਾਡੀ ਸੰਸਥਾ ਮਹਾਰਾਸ਼ਟਰ ਸਰਕਾਰ ਨੂੰ ਆਪਣਾ ਵੱਖਰਾ ਪੱਤਰ ਭੇਜਦੀ ਹੈ, ਤਾਂ ਰਿਕਾਰਡ ਅਤੇ ਅਗਲੇ ਸੰਪਰਕ ਲਈ ਉਸ ਦੀ ਕਾਪੀ ਸਮਰਪਿਤ ਪਹਿਲਕਦਮੀ ਈਮੇਲ ’ਤੇ ਵੀ ਭੇਜ ਸਕਦੀ ਹੈ। ਜੇ ਤੁਹਾਡੀ ਸੰਸਥਾ ਪਹਿਲਕਦਮੀ ਨੂੰ ਇਹ ਆਗਿਆ ਦੇਣਾ ਚਾਹੁੰਦੀ ਹੈ ਕਿ ਉਹ ਆਪਣੇ ਵਿਵੇਕ ਅਨੁਸਾਰ ਤੁਹਾਡੇ ਦਸਤਖ਼ਤ ਕੀਤੇ ਸਮਰਥਨ ਪੱਤਰ, ਬਿਆਨ ਜਾਂ ਭਰੇ ਅਤੇ ਦਸਤਖ਼ਤ ਕੀਤੇ ਫਾਰਮ ਨੂੰ ਮਹਾਰਾਸ਼ਟਰ ਸਰਕਾਰ ਨੂੰ ਕੀਤੀ ਜਾਣ ਵਾਲੀ ਕਿਸੇ ਸਾਂਝੀ ਬੇਨਤੀ ਜਾਂ ਸੰਬੰਧਿਤ ਸੰਚਾਰ ਨਾਲ ਸ਼ਾਮਲ ਕਰਨ ਜਾਂ ਅੱਗੇ ਭੇਜਣ ਲਈ ਵਾਜਬ ਯਤਨ ਕਰ ਸਕੇ, ਤਾਂ ਹੇਠਾਂ ਦਿੱਤੇ ਫਾਰਮ ਵਿੱਚ ਸੰਬੰਧਿਤ ਖਾਨਾ ਚੁਣ ਕੇ ਦਸਤਖ਼ਤ ਕੀਤਾ ਦਸਤਾਵੇਜ਼ ਸਮਰਪਿਤ ਪਹਿਲਕਦਮੀ ਈਮੇਲ ’ਤੇ ਭੇਜੋ। ਕਿਸੇ ਵੀ ਸਰਕਾਰੀ ਦਫ਼ਤਰ ਵੱਲੋਂ ਸ਼ਾਮਲ ਕੀਤੇ ਜਾਣ, ਅੱਗੇ ਭੇਜੇ ਜਾਣ, ਪਹੁੰਚ, ਸਮਾਂ, ਪ੍ਰਾਪਤੀ ਦੀ ਪੁਸ਼ਟੀ ਜਾਂ ਸਵੀਕ੍ਰਿਤੀ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ ਅਤੇ ਇਹ ਵਿਹਾਰਕ, ਪ੍ਰਸ਼ਾਸਕੀ, ਤਕਨੀਕੀ ਜਾਂ ਹੋਰ ਹਾਲਾਤਾਂ ’ਤੇ ਨਿਰਭਰ ਹੋ ਸਕਦਾ ਹੈ।

ਸਮਰਪਿਤ ਪਹਿਲਕਦਮੀ ਈਮੇਲ: **hazursahibproject@proton.me**

ਵੈੱਬਸਾਈਟ: **hazursahibproject.org**

| ਈਮੇਲ ਭੇਜਣ ਲਈ | cm@maharashtra.gov.in |
| --- | --- |
| **ਕਾਪੀ** | desk1.mdd-mh@gov.in; psec.rla@maharashtra.gov.in |
| **ਵਿਸ਼ਾ** | ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਦੀ ਪੰਥਕ ਖ਼ੁਦਮੁਖ਼ਤਿਆਰੀ ਅਤੇ ਪ੍ਰਬੰਧਕੀ ਅਧਿਕਾਰਤਾ ਸੰਬੰਧੀ ਪੱਤਰ |
| **ਤਾਰੀਖ਼** | ______________________ |

**ਮਾਣਯੋਗ ਜੀ,**

ਦਸਤਖ਼ਤ ਕਰਨ ਵਾਲਾ/ਵਾਲੀ ਆਦਰ ਸਹਿਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਬਾਰੇ ਇਹ ਪੱਤਰ ਪੇਸ਼ ਕਰਦਾ/ਕਰਦੀ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਸਿੱਖ (ਖ਼ਾਲਸਾ) ਪੰਥ ਦੇ ਪੰਜ ਤਖ਼ਤ ਸਾਹਿਬਾਨ ਵਿੱਚੋਂ ਇੱਕ ਹੈ ਅਤੇ ਸਿੱਖ ਧਰਮ, ਇਤਿਹਾਸ, ਮਰਯਾਦਾ ਅਤੇ ਪੰਥਕ ਜ਼ਿੰਮੇਵਾਰੀ ਵਿੱਚ ਇਸ ਦਾ ਅਤਿ ਉੱਚਾ ਅਤੇ ਪਵਿੱਤਰ ਸਥਾਨ ਹੈ। ਸਪੱਸ਼ਟਤਾ ਲਈ, ਇਹ ਪੱਤਰ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਪਚਲਨਗਰ ਸਾਹਿਬ ਐਕਟ, 1956 (Hyd. Act No. XXXVII of 1956) ਨਾਲ ਸੰਬੰਧਿਤ ਹੈ।

ਇਹ ਬੇਨਤੀ ਸ਼ਾਂਤੀਪੂਰਨ, ਕਾਨੂੰਨੀ, ਆਦਰਪੂਰਵਕ ਅਤੇ ਰਚਨਾਤਮਕ ਭਾਵਨਾ ਨਾਲ ਕੀਤੀ ਜਾ ਰਹੀ ਹੈ। ਇਹ ਮਾਮਲਾ ਕੇਵਲ ਕਿਸੇ ਇਕ ਪ੍ਰਸ਼ਾਸਕੀ ਪ੍ਰਬੰਧ, ਨਿਯੁਕਤੀ, ਚੋਣੀ ਢਾਂਚੇ, ਕਾਨੂੰਨੀ ਸੋਧ, ਪ੍ਰਸਤਾਵ ਜਾਂ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਤੱਕ ਸੀਮਿਤ ਨਹੀਂ ਹੈ। ਮੁੱਖ ਸਿਧਾਂਤ ਇਹ ਹੈ ਕਿ ਤਖ਼ਤ ਸਾਹਿਬ ਦੀ ਧਾਰਮਿਕ ਅਧਿਕਾਰਤਾ, ਮਰਯਾਦਾ, ਅੰਦਰੂਨੀ ਮਾਮਲੇ, ਪ੍ਰਬੰਧ, ਜਾਇਦਾਦਾਂ, ਧਾਰਮਿਕ ਸੰਪਤੀਆਂ ਅਤੇ ਨਿਧੀਆਂ, ਸੰਸਥਾਗਤ ਮਾਣ-ਮਰਯਾਦਾ ਅਤੇ ਪੰਥਕ ਸਰੂਪ ਮੂਲ ਰੂਪ ਵਿੱਚ ਸਿੱਖ (ਖ਼ਾਲਸਾ) ਪੰਥ ਦੇ ਮਾਮਲੇ ਹਨ ਅਤੇ ਇਹ ਸਿੱਖ ਪੰਥ ਦੀ ਹੀ ਵਿਸ਼ੇਸ਼ ਅਧਿਕਾਰਤਾ ਅਤੇ ਜ਼ਿੰਮੇਵਾਰੀ ਹੇਠ ਰਹਿਣੇ ਚਾਹੀਦੇ ਹਨ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਕੋਈ ਆਮ ਜਨਤਕ, ਦਾਨੀ ਜਾਂ ਸਿਰਫ਼ ਪ੍ਰਸ਼ਾਸਕੀ ਸੰਸਥਾ ਨਹੀਂ ਹੈ। ਇਸ ਦੀ ਆਤਮਕ ਅਧਿਕਾਰਤਾ, ਪ੍ਰਬੰਧ, ਜਾਇਦਾਦਾਂ ਅਤੇ ਸੰਸਥਾਗਤ ਸਰੂਪ ਇਸ ਦੀ ਪੰਥਕ ਪਹਿਚਾਣ ਨਾਲ ਅਟੁੱਟ ਤੌਰ 'ਤੇ ਜੁੜੇ ਹੋਏ ਹਨ। ਇਨ੍ਹਾਂ ਮਾਮਲਿਆਂ ਉੱਤੇ ਅਧਿਕਾਰ ਸਿੱਖ (ਖ਼ਾਲਸਾ) ਪੰਥ ਦਾ ਹੈ, ਜੋ ਪ੍ਰਮਾਣਿਤ ਪੰਥਕ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਰਾਹੀਂ, ਪੰਜ ਤਖ਼ਤ ਸਾਹਿਬਾਨ ਦੀ ਸਾਂਝੀ ਅਧਿਕਾਰਤਾ ਅਤੇ ਰਹਿਨੁਮਾਈ ਸਮੇਤ, ਵਰਤਿਆ ਜਾਣਾ ਚਾਹੀਦਾ ਹੈ।

ਭਾਵੇਂ 1956 ਦਾ ਐਕਟ ਇਸ ਵੇਲੇ ਕੁਝ ਪ੍ਰਸ਼ਾਸਕੀ ਮਾਮਲਿਆਂ ਲਈ ਕਾਨੂੰਨੀ ਢਾਂਚਾ ਪ੍ਰਦਾਨ ਕਰਦਾ ਹੈ, ਪਰ ਉਹ ਤਖ਼ਤ ਸਾਹਿਬ ਦੀ ਮੂਲ ਪੰਥਕ ਅਧਿਕਾਰਤਾ, ਮਰਯਾਦਾ ਜਾਂ ਦਰਜੇ ਨੂੰ ਘਟਾ, ਤਬਦੀਲ, ਪਾਰ ਜਾਂ ਪ੍ਰਭਾਵਿਤ ਨਹੀਂ ਕਰ ਸਕਦਾ। ਇਸ ਲਈ ਐਕਟ ਜਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਦੇ ਪ੍ਰਬੰਧਕੀ ਢਾਂਚੇ ਨੂੰ ਪ੍ਰਭਾਵਿਤ ਕਰਨ ਵਾਲੀ ਕੋਈ ਵੀ ਸੋਧ, ਰੱਦਗੀ, ਬਦਲਾਅ, ਪੁਨਰਗਠਨ, ਨਿਯੁਕਤੀ, ਨਿਯਮਕਾਰੀ ਤਬਦੀਲੀ, ਚੋਣੀ ਸੋਧ, ਜਾਇਦਾਦ-ਸੰਬੰਧੀ ਕਦਮ, ਪ੍ਰਸ਼ਾਸਕੀ ਪ੍ਰਬੰਧ ਜਾਂ ਹੋਰ ਹਸਤਖੇਪ ਤਖ਼ਤ ਸਾਹਿਬ ਅੰਦਰੋਂ ਹੀ ਸ਼ੁਰੂ ਹੋਣਾ

ਚਾਹੀਦਾ ਹੈ ਅਤੇ ਕੇਵਲ ਪੰਜ ਤਖ਼ਤ ਸਾਹਿਬਾਨ ਅਤੇ ਹੋਰ ਪ੍ਰਮਾਣਿਤ ਸਿੱਖ (ਖ਼ਾਲਸਾ) ਪੰਥਕ ਸੰਸਥਾਵਾਂ ਦੀ ਸਾਂਝੀ ਅਧਿਕਾਰਤਾ, ਵਿਚਾਰ-ਵਟਾਂਦਰੇ, ਸਲਾਹ ਅਤੇ ਪੰਥਕ ਸਹਿਮਤੀ ਰਾਹੀਂ ਹੀ ਅੱਗੇ ਵਧਣਾ ਚਾਹੀਦਾ ਹੈ। ਅਜੇਹੇ ਮਾਮਲੇ ਕਿਸੇ ਸਰਕਾਰੀ ਅਧਿਕਾਰਤਾ, ਇਕਪੱਖੀ ਕਾਰਵਾਈ, ਬਾਹਰੀ ਪ੍ਰਕਿਰਿਆ ਜਾਂ ਰਾਜ ਵੱਲੋਂ ਬਣਾਏ ਮਕੈਨਿਜ਼ਮ ਰਾਹੀਂ ਸ਼ੁਰੂ, ਪ੍ਰਸਤਾਵਿਤ, ਨਿਰਦੇਸ਼ਿਤ, ਨਿਗਰਾਨੀ ਹੇਠ ਰੱਖੇ ਜਾਂ ਚਲਾਏ ਨਹੀਂ ਜਾਣੇ ਚਾਹੀਦੇ।

ਦਸਤਖ਼ਤ ਕਰਨ ਵਾਲਾ/ਵਾਲੀ ਇਸ ਲਈ ਮਹਾਰਾਸ਼ਟਰ ਸਰਕਾਰ ਨੂੰ ਆਦਰ ਸਹਿਤ ਬੇਨਤੀ ਕਰਦਾ/ਕਰਦੀ ਹੈ ਕਿ ਉਹ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ, ਨਾਂਦੇੜ ਨਾਲ ਸੰਬੰਧਿਤ ਐਕਟ ਜਾਂ ਕਿਸੇ ਵੀ ਕਾਨੂੰਨੀ, ਪ੍ਰਸ਼ਾਸਕੀ, ਚੋਣੀ, ਜਾਇਦਾਦੀ, ਪ੍ਰਬੰਧਕੀ, ਧਾਰਮਿਕ, ਸੰਸਥਾਗਤ ਜਾਂ ਸ਼ਾਸਕੀ ਢਾਂਚੇ ਨੂੰ ਪ੍ਰਭਾਵਿਤ ਕਰਨ ਵਾਲਾ ਕੋਈ ਵੀ ਕਦਮ ਸ਼ੁਰੂ ਜਾਂ ਲਾਗੂ ਕਰਨ ਤੋਂ ਪਰਹੇਜ਼ ਕਰੇ। ਸਰਕਾਰ ਦੀ ਭੂਮਿਕਾ ਸੰਵਿਧਾਨਕ ਸੁਰੱਖਿਆ, ਧਾਰਮਿਕ ਆਜ਼ਾਦੀ ਅਤੇ ਪੰਥਕ ਖ਼ੁਦਮੁਖ਼ਤਿਆਰੀ ਦਾ ਆਦਰ ਕਰਨ ਤੱਕ ਸੀਮਿਤ ਰਹਿਣੀ ਚਾਹੀਦੀ ਹੈ ਅਤੇ ਜਿੱਥੇ ਕਾਨੂੰਨੀ ਤੌਰ 'ਤੇ ਲੋੜ ਹੋਵੇ, ਉੱਥੇ ਪ੍ਰਮਾਣਿਤ ਸਿੱਖ (ਖ਼ਾਲਸਾ) ਪੰਥਕ ਸੰਸਥਾਵਾਂ ਅਤੇ ਪ੍ਰਕਿਰਿਆਵਾਂ ਰਾਹੀਂ ਹੋਏ ਫ਼ੈਸਲਿਆਂ ਦੀ ਕਾਨੂੰਨੀ ਲਾਗੂਅਮਲੀ ਦਾ ਸਤਿਕਾਰ, ਸੁਰੱਖਿਆ ਅਤੇ ਸਹਾਇਤਾ ਕਰਨੀ ਚਾਹੀਦੀ ਹੈ, ਬਿਨਾਂ ਉਨ੍ਹਾਂ ਫ਼ੈਸਲਿਆਂ ਨੂੰ ਨਿਰਦੇਸ਼ਿਤ ਜਾਂ ਨਿਯੰਤਰਿਤ ਕੀਤੇ।

ਦਸਤਖ਼ਤ ਕਰਨ ਵਾਲਾ/ਵਾਲੀ ਹੋਰ ਬੇਨਤੀ ਕਰਦਾ/ਕਰਦੀ ਹੈ ਕਿ ਸਰਕਾਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਦੇ ਵਿਲੱਖਣ, ਸੁਤੰਤਰ ਅਤੇ ਸਰਵੋਚ ਪੰਥਕ ਦਰਜੇ ਨੂੰ ਮੰਨੇ ਅਤੇ ਆਦਰ ਦੇਵੇ, ਅਤੇ ਇਹ ਯਕੀਨੀ ਬਣਾਏ ਕਿ ਇਸ ਦੀ ਧਾਰਮਿਕ ਅਧਿਕਾਰਤਾ, ਅੰਦਰੂਨੀ ਮਾਮਲੇ, ਪ੍ਰਬੰਧ, ਜਾਇਦਾਦਾਂ, ਧਾਰਮਿਕ ਸੰਪਤੀਆਂ ਅਤੇ ਨਿਧੀਆਂ ਅਤੇ ਸੰਸਥਾਗਤ ਸਰੂਪ ਨਾਲ ਸੰਬੰਧਿਤ ਸਾਰੇ ਮਾਮਲੇ ਸਿੱਖ (ਖ਼ਾਲਸਾ) ਪੰਥ ਦੀ ਸਾਂਝੀ ਅਧਿਕਾਰਤਾ ਅਤੇ ਜ਼ਿੰਮੇਵਾਰੀ ਹੇਠ ਹੀ ਰਹਿਣ, ਬਿਨਾਂ ਸਰਕਾਰੀ ਦਖ਼ਲਅੰਦਾਜ਼ੀ ਜਾਂ ਨਿਯੰਤਰਣ ਦੇ।

ਇਹ ਪੱਤਰ ਸਰਕਾਰ ਦੇ ਵਿਰੋਧ ਵਿੱਚ ਨਹੀਂ, ਸਗੋਂ ਸੰਵਿਧਾਨਕ ਮਰਯਾਦਾ, ਧਾਰਮਿਕ ਆਜ਼ਾਦੀ, ਆਪਸੀ ਆਦਰ ਅਤੇ ਇਸ ਪੁਰਾਤਨ ਪੰਥਕ ਸਿਧਾਂਤ ਦੀ ਪੁਸ਼ਟੀ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਕਿ ਤਖ਼ਤ ਸਾਹਿਬ ਦੀ ਅਧਿਕਾਰਤਾ, ਮਰਯਾਦਾ, ਪ੍ਰਬੰਧ, ਜਾਇਦਾਦਾਂ ਅਤੇ ਸੰਸਥਾਗਤ ਭਵਿੱਖ ਸਿੱਖ (ਖ਼ਾਲਸਾ) ਪੰਥ ਦੇ ਹੀ ਵਿਸ਼ੇਸ਼ ਅਧਿਕਾਰ ਖੇਤਰ, ਅਧਿਕਾਰਤਾ ਅਤੇ ਜ਼ਿੰਮੇਵਾਰੀ ਅੰਦਰ ਰਹਿਣੇ ਚਾਹੀਦੇ ਹਨ। ਦਸਤਖ਼ਤ ਕਰਨ ਵਾਲਾ/ਵਾਲੀ ਆਦਰ ਸਹਿਤ ਬੇਨਤੀ ਕਰਦਾ/ਕਰਦੀ ਹੈ ਕਿ ਮਹਾਰਾਸ਼ਟਰ ਸਰਕਾਰ ਇਸ ਪੰਥਕ ਖ਼ੁਦਮੁਖ਼ਤਿਆਰੀ ਅਤੇ ਜ਼ਿੰਮੇਵਾਰੀ ਦਾ ਸਤਿਕਾਰ ਅਤੇ ਸੁਰੱਖਿਆ ਕਰੇ।

ਆਦਰ ਸਹਿਤ ਬੇਨਤੀ ਕਰਨ ਵਾਲੇ,

| | |
|---|---|
| **Full Name of Individual** | ______________________________ |
| **Address / City / State / Country** | ______________________________ |
| **Preferred Public Name (optional)** | ______________________Title______________ |
| **Email / Phone** | ______________________________ |
| **Signature / Date Signed** | Signature: ____________________ Date: __________ |
| **Additional Note (optional)** | |

## 4. ਜਵਾਬ / ਸਮਰਥਨ ਫਾਰਮ

| | |
|---|---|
| **Full Name of Individual** | ________________________________________________________________ |
| **Address / City / State / Province / Country** | ________________________________________________________________ |
| **Preferred Public Name (optional)** | ________________________________________________________________ |
| **Occupation / Sikh Affiliation (optional)** | ________________________________________________________________ |
| **Email / Phone** | ________________________________________________________________ |
| **Signature / Date Signed** | Signature: ______________________________ Date: _______________ |
| **Additional Note (optional)** | |

ਜਵਾਬ: ☐ ਜਿਵੇਂ ਲਿਖਿਆ ਹੈ, ਅਸੀਂ ਸਮਰਥਨ ਕਰਦੇ ਹਾਂ। ☐ ਅਸੀਂ ਸੁਝਾਈਆਂ ਸੋਧਾਂ ਨਾਲ ਸਮਰਥਨ ਕਰਦੇ ਹਾਂ। ☐ ਅਸੀਂ ਹੋਰ ਚਰਚਾ ਕਰਨਾ ਚਾਹੁੰਦੇ ਹਾਂ। ☐ ਅਸੀਂ ਇਸ ਵੇਲੇ ਸਮਰਥਨ ਨਹੀਂ ਕਰਦੇ।

ਪ੍ਰਕਾਸ਼ਨ ਲਈ ਆਗਿਆ: ☐ ਹਾਂ, ਮੇਰਾ ਨਾਮ ਸਮਰਥਕ ਵਜੋਂ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ। ☐ ਨਹੀਂ, ਸਾਡਾ ਸਮਰਥਨ ਨਿੱਜੀ ਰੱਖਿਆ ਜਾਵੇ।

ਵਿਕਲਪਿਕ ਵੀਡੀਓ ਕਲਿੱਪ ਲਈ ਆਗਿਆ: ☐ ਹਾਂ, ਮੈਂ/ਅਸੀਂ ਇਸ ਪਹਿਲਕਦਮੀ ਲਈ ਆਪਣੀ/ਸਾਡੀ ਵੀਡੀਓ ਕਲਿੱਪ ਨੂੰ ਵਰਤਣ, ਅੱਪਲੋਡ ਕਰਨ, ਪੋਸਟ ਕਰਨ ਜਾਂ ਸਾਂਝਾ ਕਰਨ ਦੀ ਆਗਿਆ ਦਿੰਦੇ ਹਾਂ, ਜਿਸ ਵਿੱਚ hazursahibproject.org ਅਤੇ ਸੰਬੰਧਿਤ ਕਾਨੂੰਨੀ ਜਨ-ਜਾਗਰੂਕਤਾ ਸੰਚਾਰ ਸ਼ਾਮਲ ਹੋ ਸਕਦੇ ਹਨ। ☐ ਨਹੀਂ, ਮੈਂ/ਅਸੀਂ ਇਸ ਵੇਲੇ ਕਿਸੇ ਵੀ ਵੀਡੀਓ ਕਲਿੱਪ ਦੀ ਜਨਤਕ ਵਰਤੋਂ ਦੀ ਆਗਿਆ ਨਹੀਂ ਦਿੰਦੇ।

ਮਹਾਰਾਸ਼ਟਰ ਸਰਕਾਰ ਨੂੰ ਪੱਤਰ ਭੇਜਣ ਬਾਰੇ:

☐ ਮੈਂ ਮਹਾਰਾਸ਼ਟਰ ਸਰਕਾਰ ਨੂੰ ਆਪਣਾ ਵੱਖਰਾ ਪੱਤਰ ਖੁਦ ਭੇਜਾਂਗਾ/ਭੇਜਾਂਗੀ।

☐ ਮੈਂ ਪਹਿਲਕਦਮੀ ਨੂੰ ਇਹ ਅਧਿਕਾਰ ਦਿੰਦਾ/ਦਿੰਦੀ ਹਾਂ ਕਿ ਉਹ ਆਪਣੇ ਵਿਵੇਕ ਅਨੁਸਾਰ ਮੇਰੇ ਦਸਤਖ਼ਤ ਕੀਤੇ ਸਮਰਥਨ ਪੱਤਰ, ਬਿਆਨ ਜਾਂ ਭਰੇ ਹੋਏ ਜਵਾਬੀ ਫਾਰਮ ਨੂੰ ਮਹਾਰਾਸ਼ਟਰ ਸਰਕਾਰ ਨੂੰ ਕੀਤੀ ਜਾਣ ਵਾਲੀ ਕਿਸੇ ਸਾਂਝੀ ਬੇਨਤੀ ਜਾਂ ਸੰਬੰਧਿਤ ਸੰਚਾਰ ਨਾਲ ਸ਼ਾਮਲ ਕਰਨ ਜਾਂ ਅੱਗੇ ਭੇਜਣ ਲਈ ਵਾਜਬ ਯਤਨ ਕਰ ਸਕੇ। ਮੈਂ ਸਮਝਦਾ/ਸਮਝਦੀ ਹਾਂ ਕਿ ਕਿਸੇ ਵੀ ਸਰਕਾਰੀ ਦਫ਼ਤਰ ਵੱਲੋਂ ਸ਼ਾਮਲ ਕੀਤੇ ਜਾਣ, ਅੱਗੇ ਭੇਜੇ ਜਾਣ, ਪਹੁੰਚ, ਸਮਾਂ, ਪ੍ਰਾਪਤੀ ਦੀ ਪੁਸ਼ਟੀ ਜਾਂ ਸਵੀਕ੍ਰਿਤੀ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ ਅਤੇ ਇਹ ਵਿਹਾਰਕ, ਪ੍ਰਸ਼ਾਸਕੀ, ਤਕਨੀਕੀ ਜਾਂ ਹੋਰ ਹਾਲਾਤਾਂ 'ਤੇ ਨਿਰਭਰ ਹੋ ਸਕਦਾ ਹੈ।

☐ ਅਸੀਂ ਇਸ ਵੇਲੇ ਮਹਾਰਾਸ਼ਟਰ ਸਰਕਾਰ ਨੂੰ ਕੋਈ ਪੱਤਰ ਨਹੀਂ ਭੇਜਣਾ ਚਾਹੁੰਦੇ ਅਤੇ ਕਿਸੇ ਪੱਤਰ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ।

ਕਿਰਪਾ ਕਰਕੇ ਇਹ ਫਾਰਮ ਇੱਥੇ ਵਾਪਸ ਭੇਜੋ: ਸਮਰਪਿਤ ਪਹਿਲਕਦਮੀ ਈਮੇਲ: **hazursahibproject@proton.me**

ਵੈੱਬਸਾਈਟ: **hazursahibproject.org**